EMPLOYMENT ONTARIO
Ontario's employment & training network

Ontario

ਓਨਟਾਰੀਓ ਨਿਪੁੰਨਤਾ ਵਿਕਾਸ (ਓਨਟਾਰੀਓ ਸਕਿਲਜ ਡਿਵੈਲਪਮੈਂਟ)

ਓਨਟਾਰੀਓ ਸਕਿਲਜ ਡਿਵੈਲਪਮੈਂਟ ਪ੍ਰੋਗਰਾਮ ਉਹਨਾਂ ਬੇਰੋਜਗਾਰਾਂ ਦੀ ਸਹਾਇਤਾ ਕਰਦਾ ਹੈ ਜੋ ਰੋਜਗਾਰ ਬੀਮੇ ਦੇ ਯੋਗ ਹਨ ਜਾਂ ਹਾਲ ਹੀ ਵਿੱਚ ਹੋਏ ਹਨ ਅਤੇ ਉਹਨਾਂ ਨੂੰ ਲੇਬਰ ਮਾਰਕਿਟ ਵਿੱਚ ਪੁਨਰ ਪ੍ਰਵੇਸ਼ ਕਰਨ ਲਈ ਪ੍ਰਭਾਵਸ਼ਾਲੀ ਨਿਪੁੰਨਤਾ ਦੀ ਜਰੂਰਤ ਹੈ।

ਇਹ ਪ੍ਰੋਗਰਾਮ ਉਹਨਾਂ ਟਰੇਨਿੰਗ ਪ੍ਰਾਪਤ ਕਰਨ ਦੇ ਖਰਚਿਆਂ ਲਈ ਆਰਥਿਕ ਸਹਾਇਤਾ ਪ੍ਰਦਾਨ ਕਰਦਾ ਹੈ ਜਿਹਨਾਂ ਦੀ ਜਰੂਰਤ ਉਹਨਾਂ ਨੂੰ ਲੇਬਰ ਮਾਰਕਿਟ ਵਿੱਚ ਪੁਨਰ ਪ੍ਰਵੇਸ਼ ਕਰਨ ਲਈ ਪੈਂਦੀ ਹੈ, ਜਿਵੇਂ ਟਿਊਸ਼ਨ ਅਤੇ ਕਿਤਾਬਾਂ।

**ਕੌਣ ਅਰਜੀ ਦੇ ਸਕਦਾ ਹੈ?**

ਉਹ ਬੇਰੋਜਗਾਰ ਨੌਕਰੀ ਲੱਭਣ ਵਾਲੇ ਲੋਕ ਇਸ ਵਿੱਚ ਭਾਗ ਲੈਣ ਲਈ ਅਰਜੀ ਦੇ ਸਕਦੇ ਹਨ ਜਿਨਾਂ ਤੇ ਨਿਮਨਲਿਖਤ ਵਿੱਚੋਂ ਘੱਟ ਤੋਂ ਘੱਟ ਇੱਕ ਸ਼ਰਤ ਲਾਗੂ ਹੰਦੀ ਹੈ :

- ਉਹਨਾਂ ਨੇ ਰੋਜਗਾਰ ਬੀਮਾ ਦੇ ਫਾਇਦਿਆਂ ਦਾ ਦਾਹਵਾ ਸਥਾਪਿਤ ਕੀਤਾ ਹੈ ਜਾਂ ਉਹਨਾਂ ਦੇ ਰੋਜਗਾਰ ਬੀਮਾ ਦੇ ਫਾਇਦਿਆਂ ਦੀ ਅਵਧੀ ਪਿਛਲੇ ਤਿੰਨ ਸਾਲਾਂ ਵਿੱਚ ਸਮਾਪਤ ਹੋ ਗਈ ਹੈ।
- ਉਹਨਾਂ ਨੇ ਰੋਜਗਾਰ ਬੀਮਾ ਦੇ ਪਰਸੂਤ ਜਾਂ ਅੰਸ਼ਿਕ ਫਾਇਦਿਆਂ ਦਾ ਦਾਹਵਾ ਸਥਾਪਿਤ ਕੀਤਾ ਹੈ ਅਤੇ ਉਹਨਾਂ ਨੂੰ ਪਿਛਲੇ ਪੰਜ ਸਾਲਾਂ ਦੇ ਅੰਦਰ ਉਸਦੇ ਫਾਇਦੇ ਪ੍ਰਾਪਤ ਹੋਏ ਹਨ, ਅਤੇ ਹੁਣ ਦੁਬਾਰਾ ਲੇਬਰ ਮਾਰਕਿਟ ਵਿੱਚ ਵਾਪਸ ਆ ਰਹੇ ਹਨ ਜਿਸ ਨੂੰ ਉਹਨਾਂ ਨੇ ਨਵਜਾਤ ਸ਼ਿਸ਼ੂ ਜਾਂ ਨਵੇਂ ਗੋਦ ਲਏ ਬੱਚੇ ਲਈ ਛੱਡਿਆ ਸੀ।

ਇਹ ਨਿਸਚਿਤ ਕਰਨ ਲਈ ਕਿ ਵਿਅਕਤੀ ਭਾਗੀਦਾਰ ਬਣਨ ਦੇ ਯੋਗ ਹੇ ਜਾਂ ਨਹੀਂ, ਸਹਾਇਤਾ ਮੰਗਣ ਦੀ ਤਾਰੀਖ ਉਹ ਹੀ ਮੰਨੀ ਜਾਵੇਗੀ ਜਿਸ ਤਾਰੀਖ ਨੂੰ ਅਰਜੀ *ਇਮਪਲਾਇਮੈਂਟ ਓਨਟਾਰੀਓ* ਵਿੱਚ ਪਹੁੰਚੇਗੀ।

ਹੋਰ ਮਾਪਦੰਡ ਲਾਗੂ ਹੋ ਸਕਦੇ ਹਨ।

**ਮੈਂ ਅਧਿੱਕ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ?**

*ਇਮਪੁਲਾਏਮੈਂਟ ਓਨਟਾਰੀਓ* ਦੀ ਹੌਟ-ਲਾਈਨ ਨੂੰ ਟੋਲ-ਫ੍ਰੀ 1-800-387-5656 ਤੇ, ਜਾਂ ਟੋਰਾਂਟੋ ਵਿੱਚ (416) 326-5656 ਤੇ ਫੋਨ ਕਰੋ, ਆਪਣੇ ਖੇਤਰ ਵਿੱਚ ਓਨਟਾਰੀਓ ਇਮਪੁਲਾਏਮੈਂਟ ਰਿਸੋਰਸ ਦੀ ਸੇਵਾਵਾਂ ਪ੍ਰਾਪਤ ਕਰਨ ਦੀ ਅਧਿੱਕ ਜਾਣਕਾਰੀ ਪ੍ਰਾਪਤ ਕਰਨ ਲਈ।

ਦੂਸਰੇ ਤਰੀਕੇ ਨਾਲ, ਓਨਟਾਰੀਓ ਸਕਿਲਜ ਡਿਵੈਲਪਮੈਂਟ ਪ੍ਰੋਗਰਾਮ ਦੀ ਅਧਿੱਕ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਸਥਾਨੀ ਓਨਟਾਰੀਓ ਇਮਪੁਲਾਏਮੈਂਟ ਅਸੈਸਟੈਂਸ ਸੇਵਾ ਦਫਤਰ ਨਾਲ ਸੰਪਰਕ ਕਰੋ। ਤੁਸੀਂ www.edu.gov.on.ca/eng/tcu/search.html ਤੇ ਜਾ ਕੇ ਕਿਸੇ ਵਿਸ਼ੇਸ਼ ਸਮੁਦਾਏ ਵਿੱਚ ਓਨਟਾਰੀਓ ਇਮਪੁਲਾਏਮੈਂਟ ਅਸੈਸਟੈਂਸ ਸੇਵਾ ਦਫਤਰ ਦੇ ਫੋਨ ਨੰਬਰ ਅਤੇ ਪਤੇ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।